**SET-1**

**Series BVM/3**

ਕੋਡ ਨੰ. **221/3/1**

ਰੋਲ ਨੰਬਰ | | | | | | |

Candidates must write the Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰੋ ਲਵੋ ਕਿ ਇਸ ਪ੍ਰਸ਼ਨ ਪੱਤਰ ਤੇ ਛਪੇ ਹੋਏ **11** ਪੰਨੇ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **27** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀ ਲਿਖਣਗੇ ।

- Please check that this question paper contains **11** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **27** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਰਾਜਨੀਤੀ ਵਿਗਿਆਨ

## (ਪੰਜਾਬੀ ਉਲਥਾ)

# POLITICAL SCIENCE

## (Punjabi Version)

*ਸਮਾਂ ਸੀਮਾਂ : 3 ਘੰਟੇ* | *ਪੂਰਨ ਅੰਕ : 100*

*Time allowed : 3 hours* | *Maximum Marks : 100*

***ਵਿਆਪਕ ਨਿਰਦੇਸ਼ :***

*(i)* ***ਸਾਰੇ*** *ਪ੍ਰਸ਼ਨ ਜ਼ਰੂਰੀ ਹਨ । ਇਸ ਪ੍ਰਸ਼ਨ ਪੱਤਰ ਵਿਚ ਕੁਲ* ***27*** *ਪ੍ਰਸ਼ਨ ਹਨ । ਪ੍ਰਸ਼ਨ ਪਤ੍ਰ* ***ਪੰਜ*** *ਖੰਡਾਂ ਵਿਚ ਵੰਡਿਆ ਗਿਆ ਹੈ ।*

*(ii)* *ਖੰਡ ਅ ਦੇ ਪ੍ਰਸ਼ਨ ਸੰਖਿਆ* ***1 – 5*** *ਤਕ ਹਰ ਇਕ ਪ੍ਰਸ਼ਨ* ***ਇਕ*** *ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ* ***20*** *ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

*(iii)* *ਖੰਡ ਬ ਦੇ ਪ੍ਰਸ਼ਨ ਸੰਖਿਆ* ***6 – 10*** *ਤਕ ਹਰ ਇਕ ਪ੍ਰਸ਼ਨ* ***ਦੋ*** *ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ* ***40*** *ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

*(iv)* *ਖੰਡ ਸ ਦੇ ਪ੍ਰਸ਼ਨ ਸੰਖਿਆ* ***11 – 16*** *ਤਕ ਹਰ ਇਕ ਪ੍ਰਸ਼ਨ* ***ਚਾਰ*** *ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ* ***100*** *ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

*(v)* *ਖੰਡ ਦ ਦੇ ਪ੍ਰਸ਼ਨ ਸੰਖਿਆ* ***17 – 21*** *ਤਕ ਹਰ ਇਕ ਪ੍ਰਸ਼ਨ* ***ਪੰਜ*** *ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ* ***150*** *ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

*(vi)* *ਖੰਡ ਦ ਦੇ ਪ੍ਰਸ਼ਨ ਸੰਖਿਆ* ***21*** *ਮਾਨਚਿੱਤਰ ਆਧਾਰਿਤ ਪ੍ਰਸ਼ਨ ਹੈ । ਉੱਤਰ ਆਪਣੀ ਉੱਤਰ ਪੁਸਤਿਕਾ ਵਿਚ ਲਿੱਖੋ ।*

*(vii)* *ਖੰਡ ੲ ਦੇ ਪ੍ਰਸ਼ਨ ਸੰਖਿਆ* ***22 – 27*** *ਤਕ ਹਰ ਇਕ ਪ੍ਰਸ਼ਨ* ***ਛੇ*** *ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ* ***150*** *ਸ਼ਬਦਾਂ ਤੋਂ ਵਧੇਰੇ ਨਹੀਂ ਹੋਣਾ ਚਾਹੀਦਾ ।*

## ਖੰਡ ਅ

**1.** ਪੱਛਮੀ ਗੱਠਜੋੜ ਅਤੇ ਪੂਰਬੀ ਗੱਠਜੋੜ, ਕਰਮਵਾਰ ਕਿਹੜੀ ਕਿਹੜੀ ਵਿਚਾਰਧਾਰਾ ਦੀ ਪ੍ਰਤਿਨਿਧਤਾ ਕਰਦੇ ਸਨ ? $\frac{1}{2}+\frac{1}{2}=1$

**ਜਾਂ**

ਦੁਵਿ ਧਰੁਵਤਾ ਦੇ ਅੰਤ ਤੋਂ ਕੀ ਭਾਵ ਹੈ ? *1*

**2.** 'ਚੌਧਰ' ਦੇ ਬਾਰੇ ਹੇਠ ਲਿਖਿਆਂ ਵਿਚੋਂ ਕਿਹੜਾ ਕਥਨ ਸਹੀ ਹੈ ? *1*

(a) ਚੌਧਰ ਦਾ ਅਰਥ ਹੈ, ਕੁਝ ਦੇਸ਼ਾਂ ਦਾ ਆਪਸੀ ਮਿਲਵਰਤਣ ਅਤੇ ਗੱਠਜੋੜ ।

(b) ਚੌਧਰ ਦਾ ਅਰਥ ਹੈ, ਸੈਨਿਕ, ਆਰਥਿਕ ਅਤੇ ਰਾਜਨੀਤਿਕ ਸ਼ਕਤੀ ਦੇ ਕਾਰਨ ਕਿਸੇ ਦੇਸ਼ ਦੀ ਪ੍ਰਭੁਤਾ ।

(c) ਚੌਧਰ ਵਿਕਸਿਤ ਦੇਸ਼ਾਂ ਦੀ ਇਕ ਸਥਾਈ ਵਿਸ਼ੇਸ਼ਤਾ ਹੈ ।

(d) ਚੌਧਰ ਅੰਤਰਰਾਸ਼ਟਰੀ ਗੱਠਜੋੜਾਂ, ਜਿਵੇਂ ਕਿ ਸੰਯੁਕਤ ਰਾਸ਼ਟਰ ਦੀ ਹਮੇਸ਼ਾ ਅਣਗੈਹਲੀ ਕਰਦੀ ਹੈ ।

**3.** ਸੋਵਿਯਤ ਸੰਘ ਦੇ ਟੁੱਟਣ ਤੋਂ ਪਿਛੋਂ, ਕਿਸ ਦੇਸ਼ ਨੂੰ ਇਸਦੇ ਥਾਂ ਸੰਯੁਕਤ ਰਾਸ਼ਟਰ ਸੁਰਖਿਆ ਪਰਿਸ਼ਦ ਵਿਚ ਸਥਾਈ ਮੈਂਬਰਸ਼ਿਪ ਮਿਲ ਗਈ ? *1*

**ਜਾਂ**

ਪਰੰਪਰਾਗਤ ਸੁਰਖਿਆ ਦੇ ਕਿਸੇ ਦੋ ਤੱਤਾਂ ਦਾ ਵਰਨਨ ਕਰੋ । $\frac{1}{2}\times 2=1$

4. 'ਇਕ ਦੇਸ਼, ਇਕ ਸਭਿਆਚਾਰ ਅਤੇ ਇਕ ਕੌਮ (ਰਾਸ਼ਟਰ)' ਦੇ ਵਿਚਾਰ 'ਤੇ ਜ਼ੋਰ ਦੇਣ ਵਾਲੀ ਰਾਜਨੀਤਿਕ ਪਾਰਟੀ ਨੂੰ ਪਛਾਣੋ ਅਤੇ ਉਸਦਾ ਨਾਮ ਲਿੱਖੋ । *1*

5. 'ਵਿਅਕਤੀਗਤ ਸੁਤੰਤਰਤਾ' (ਆੱਟੋਨੋਮੀ) ਦਾ ਅਰਥ ਸਪਸ਼ਟ ਕਰੋ । *1*

## ਖੰਡ ਬ

6. ਦੋਹਾਂ ਮਹਾਂਸ਼ਕਤੀਆ ਦੇ ਰਾਹੀਂ ਇਕ ਹੋਰ ਸੰਸਾਰ ਜੰਗ ਦੇ ਖਤਰੇ ਨੂੰ ਟਾਲਣ ਦੇ ਲਈ ਦੋਹਾਂ ਮਹਾਂ ਸ਼ਕਤੀਆਂ ਨੂੰ ਮਜਬੂਰ ਕਰਨ ਵਾਲੇ ਇਕ ਪ੍ਰਮੁਖ ਕਾਰਨ ਉਪਰ ਰੋਸ਼ਨੀ ਪਾਓ । *2*

**ਜਾਂ**

ਸ਼ਾਕ ਥੈਰੈਪੀ ਦੇ ਕਾਰਨ ਲੜੀਵਾਰ ਨਸ਼ਟ ਹੋਣ ਵਾਲੀ ਸਮਾਜ ਕਲਿਆਨ ਵਿਵਸਥਾ ਦੀ ਪੁਰਾਤਨ ਵਿਵਸਥਾ ਦੀਆਂ ਕਿਸੇ ਦੋ ਵਿਸ਼ੇਸ਼ਤਾਵਾਂ ਨੂੰ ਉਜਾਗਰ ਕਰੋ । *1×2=2*

7. ਰਾਜ ਦੇ ਮਾਰਗ-ਦਰਸ਼ਕ ਸਿਧਾਂਤਾਂ ਵਿਚੋਂ ਅਜੇਹੇ ਦੋ ਸਿਧਾਂਤਾਂ ਦਾ ਬਿਓਰਾ ਦਿਓ ਜਿਨ੍ਹਾਂ ਦਾ ਟੀਚਾ ਅੰਤਰਰਾਸ਼ਟਰੀ ਸ਼ਾਂਤੀ ਅਤੇ ਸੁਰਖਿਆ ਨੂੰ ਉਚਿਆਉਣਾ ਹੈ । *1×2=2*

**ਜਾਂ**

ਪ੍ਰਧਾਨਮੰਤਰੀ ਜਵਾਹਰਲਾਲ ਨੇਹਰੂ ਰਾਹੀਂ ਨਵੇਂ ਅਜ਼ਾਦ ਹੋਏ ਦੇਸ਼ਾਂ ਦੇ ਨਾਲ ਆਪਸੀ ਸੰਬੰਧ ਬਨਾਣ ਦੇ ਲਈ, ਚੁੱਕੇ ਗਏ ਕਿਸੇ ਦੋ ਕਦਮਾਂ ਦਾ ਬਿਓਰਾ ਦਿਓ । *1×2=2*

8. ਜੇਕਰ ਤੁਹਾਨੂੰ ਆਪਣੇ ਖੇਤਰ ਦੇ ਆਰਥਿਕ ਰੂਪ ਵਿਚ ਪਿਛੜੇ ਲੋਕਾਂ ਦੀ ਬਿਹਤਰੀ ਦੇ ਲਈ ਕੋਈ ਦੋ ਮਹਤਵਪੂਰਨ ਮੰਗਾਂ ਸਾਹਮਣੇ ਲਿਆਉਣ ਲਈ ਕਿਹਾ ਜਾਏ ਤਾਂ ਤੁਸੀ ਕਿਹੜੀਆਂ ਦੋ ਮੰਗਾਂ ਨੂੰ ਉਚਿਆਉਣਾ ਚਾਹੋਗੇ ? ਆਪਣੀਆਂ ਮੰਗਾਂ ਨੂੰ ਦਲੀਲਾਂ ਦੇ ਕੇ ਉੱਚਤ ਠਹਿਰਾਓ । *1×2=2*

9. ਕਾਲਮ 'A' ਅਤੇ ਕਾਲਮ 'B' ਵਿਚ ਦਿੱਤੇ ਗਏ ਤਥਾਂ ਦਾ ਅਰਥਪੂਰਨ ਮੇਲ ਕਰੋ : $\frac{1}{2}\times 4=2$

| | ਕਾਲਮ 'A' | | ਕਾਲਮ 'B' |
|---|---|---|---|
| (a) | ਸੰਪੂਰਨ ਕਰਾਂਤੀ | (i) | ਚੌ. ਚਰਣ ਸਿੰਘ |
| (b) | ਭਾਰਤ ਦਾ ਉਪ ਪ੍ਰਧਾਨਮੰਤਰੀ | (ii) | ਜਾਰਜ ਫਰਨਾਂਡਿਜ਼ |
| (c) | 1974 ਦੀ ਰੇਲਵੇ ਹੜਤਾਲ | (iii) | ਜਗਜੀਵਨ ਰਾਮ |
| (d) | ਲੋਕ ਦਲ ਦੇ ਸੰਸਥਾਪਕ | (iv) | ਜੈ ਪ੍ਰਕਾਸ਼ ਨਰਾਇਣ |

10. 1990 ਵਿਚ ਮੰਡਲ ਕਮੀਸ਼ਨ ਦੀਆਂ ਸਿਫਾਰਸ਼ਾ ਨੂੰ ਲਾਗੂ ਕਰਨ ਦੇ ਕਿਸੇ ਦੋ ਪ੍ਰਭਾਵਾਂ ਦੀ ਪੜਚੋਲ ਕਰੋ । *1×2=2*

**ਜਾਂ**

ਰਾਜੀਵ ਗਾਂਧੀ – ਲੌਂਗੋਵਾਲ ਸਮਝੌਤਾ ਆਪਣੇ ਚਾਹੇ ਉਦੇਸ਼ ਵਿਚ ਕਿਥੇ ਤਕ ਸਫਲ ਹੋਇਆ ? *2*

## ਖੰਡ ਸ

**11.** ਢਾਂਚਾਗਤ ਸ਼ਕਤੀ ਦੇ ਅਰਥ ਵਿਚ ਅਮਰੀਕੀ ਚੌਧਰ ਨੂੰ ਚਾਰ ਉਦਾਹਰਣਾਂ ਦੀ ਸਹਾਇਤਾ ਨਾਲ ਸਪਸ਼ਟ ਕਰੋ । *1×4=4*

**ਜਾਂ**

ਆਸਿਆਨ ਦੀਆਂ ਕੋਈ ਚਾਰ ਵਿਸ਼ੇਸ਼ਤਾਵਾਂ ਸਪਸ਼ਟ ਕਰੋ । *1×4=4*

**12.** ਸੰਯੁਕਤ ਰਾਸ਼ਟਰ ਸੁਰਖਿਆ ਪਰਿਸ਼ਦ ਦੀ ਸਥਾਈ ਸਦਸਤਾ ਦੇ ਲਈ ਭਾਰਤ ਦੀ ਉਮੀਦਵਾਰ ਹੋਣ ਦੀ ਸਥਿਤੀ ਨੂੰ ਚਾਰ ਅਧਾਰਾਂ ਤੇ ਉੱਚਤ ਠਹਿਰਾਓ । *1×4=4*

**13.** ਵਿਸ਼ਵੀਕਰਨ ਦੇ ਕਿਸੇ ਚਾਰ ਆਰਥਿਕ ਪ੍ਰਭਾਵਾਂ ਤੇ ਰੋਸ਼ਨੀ ਪਾਓ । *1×4=4*

**14.** ਪੈਹਲੀ ਪੰਜਵਰਸ਼ੀ ਯੋਜਨਾ ਅਤੇ ਦੂਸਰੀ ਪੰਜਵਰਸ਼ੀ ਯੋਜਨਾ ਵਿਚ ਕੋਈ ਦੋ ਪ੍ਰਮੁਖ ਅੰਤਰ ਸਪਸ਼ਟ ਕਰੋ । *2+2=4*

**ਜਾਂ**

1948 ਵਿਚ ਹੈਦਰਾਬਾਦ ਦੇ ਭਾਰਤ ਵਿਚ ਮਿਲਣ ਦੇ ਲਈ ਜੁੰਮੇਵਾਰ ਹਾਲਾਤਾਂ ਦੀ ਵਿਆਖਿਆ ਕਰੋ । *4*

**15.** ਭਾਰਤ ਅਤੇ ਚੀਨ ਦੇ ਦਰਮਿਆਨ ਤਣਾ ਪੂਰਨ ਸੰਬੰਧਾਂ ਦੇ ਲਈ ਜੁੰਮੇਵਾਰ ਕਿਸੇ ਚਾਰ ਘਟਨਾਵਾਂ ਦਾ ਬਿਓਰਾ ਦਿਓ । *1×4=4*

**16.** 1975 ਵਿਚ ਲਾਗੂ ਕੀਤੇ ਗਏ ਅਪਾਤਕਾਲ ਦੇ ਦੌਰਾਨ ਕੀਤੀਆਂ ਗਈਆਂ ਕਿਸੇ ਚਾਰ ਪ੍ਰਕਾਰ ਦੀਆਂ ਜ਼ਿਆਦਤੀਆਂ ਦਾ ਬਿਓਰਾ ਦਿਓ । *1×4=4*

**ਜਾਂ**

1967 ਵਿਚ ਭਾਰਤ ਵਿਚ ਹੋਈਆ ਚੌਥੇ ਆਮ ਚੋਣਾਂ ਦੇ ਕਿਸੇ ਚਾਰ ਨਤੀਜਿਆਂ ਦਾ ਬਿਓਰਾ ਦਿਓ । *1×4=4*

## ਖੰਡ ਦ

**17.** ਹੇਠ ਦਿੱਤੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸਦੇ ਹੇਠ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿੱਖੋ :

ਇਸਦਾ ਇਕ ਨਤੀਜਾ ਠੰਢੀ ਜੰਗ ਦੀ ਸਮਾਪਤੀ ਦੇ ਰੂਪ ਵਿਚ ਹੋਇਆ । ਸਮਾਜਵਾਦੀ ਪੱਧਤੀ ਪੂੰਜੀਵਾਦੀ ਪੱਧਤੀ ਤੇ ਹਾਵੀ ਹੋ ਸਕੇਗੀ ਜਾਂ ਨਹੀਂ — ਇਹ ਵਿਚਾਰਧਾਰਾਤਮਕ ਵਿਵਾਦ ਹੁਣ ਕੋਈ ਮੁੱਦਾ ਨਹੀਂ ਰਿਹਾ । ਠੰਢੀ ਜੰਗ ਦੀ ਇਸ ਬੈਹਸ ਨੇ

ਦੋਹਾਂ ਗੁੱਟਾਂ ਨੂੰ ਉਲਝਾਇਆ ਹੋਇਆ ਸੀ, ਹਥਿਆਰਾਂ ਦੀ ਤੇਜ਼ ਹੋੜ ਸ਼ੁਰੂ ਕੀਤੀ ਸੀ, ਪਰਮਾਣੂ ਹਥਿਆਰਾਂ ਦੇ ਭੰਡਾਰ ਕਰਨ ਨੂੰ ਤਰਜੀਹ ਦਿਤੀ ਜਾ ਰਹੀ ਸੀ......., । ਠੰਢੀ ਜੰਗ ਦੀ ਸਮਾਪਤੀ ਹੋਣ ਨਾਲ ਹਥਿਆਰਾਂ ਦੀ ਹੋੜ ਵੀ ਖਤਮ ਹੋ ਗਈ ਅਤੇ ਇਕ ਨਵੀਂ ਸ਼ਾਂਤੀ ਦੀ ਉਮੀਦ ਦਾ ਜਨਮ ਹੋਇਆ ।

(i) ਠੰਢੀ ਜੰਗ ਦੇ ਦੌਰਾਨ ਇਕ ਦੂਸਰੇ ਨਾਲ ਉਲਝੇ ਦੋ ਸੈਨਕ ਗੱਠਜੋੜਾਂ ਦੇ ਨਾਮ ਲਿੱਖੋ ।

(ii) ਹਥਿਆਰਾਂ ਦੀ ਹੋੜ ਕਿਵੇਂ ਸ਼ਾਂਤੀ ਦੀ ਮੰਗ ਪੈਦਾ ਕਰਦੀ ਹੈ ? ਸਪਸ਼ਟ ਕਰੋ ।

(iii) ਪਰਮਾਣੂ ਹਥਿਆਰਾਂ ਦੇ ਭੰਡਾਰਾਂ ਨੂੰ ਸੰਸਾਰ ਦੀ ਸ਼ਾਂਤੀ ਦੇ ਲਈ ਇਕ ਵੱਡਾ ਖਤਰਾ ਕਿਉਂ ਸਮਝਿਆ ਜਾਂਦਾ ਹੈ ? *1+2+2=5*

**ਜਾਂ**

ਹੇਠ ਦਿੱਤੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸਦੇ ਹੇਠ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿੱਖੋ :

ਗੁਟਨਿਰਪੇਖਤਾ ਦਾ ਅਰਥ ਉਦਾਸੀਨਤਾ ਦਾ ਧਰਮ ਨਿਬਾਉਣਾ ਵੀ ਨਹੀਂ ਹੈ । ਉਦਾਸੀਨਤਾ ਦਾ ਅਰਥ ਹੁੰਦਾ ਹੈ ਮੁੱਖ ਤੋਰ ਤੇ ਜੁੱਧ ਵਿਚ ਸ਼ਾਮਿਲ ਨਾ ਹੋਣ ਦੀ ਨੀਤੀ ਨੂੰ ਅਪਨਾਉਣਾ । ਉਦਾਸੀਨਤਾ ਦੀ ਨੀਤੀ ਅਨੁਸਾਰ ਚਲਣ ਵਾਲੇ ਦੇਸ਼ ਦੇ ਲਈ ਇਹ ਜ਼ਰੂਰੀ ਨਹੀਂ ਕਿ ਉਹ ਜੁੱਧ ਨੂੰ ਖਤਮ ਕਰਨ ਦੇ ਲਈ ਮਦਦ ਕਰੇ । ਅਜੇਹੇ ਦੇਸ਼ ਜੁੱਧ ਦੇ ਨਾਲ ਜੁੜੇ ਨਹੀਂ ਹੁੰਦੇ ਅਤੇ ਨਾ ਹੀ ਜੁੱਧ ਦੇ ਸਹੀ–ਗਲਤ ਹੋਣ ਦੇ ਬਾਰੇ ਉਨ੍ਹਾਂ ਦਾ ਕੋਈ ਪੱਖ ਹੁੰਦਾ ਹੈ । ਦਰਅਸਲ ਕਈ ਕਾਰਨਾਂ ਕਰਕੇ ਗੁਟਨਿਰਪੇਖ ਦੇਸ਼, ਜਿਨ੍ਹਾਂ ਵਿਚ ਭਾਰਤ ਵੀ ਸ਼ਾਮਿਲ ਹੈ, ਜੁੱਧ ਵਿਚ ਸ਼ਾਮਿਲ ਹੋਏ ਹਨ ।

(i) ਗੁਟਨਿਰਪੇਖਤਾ ਦੀ ਪਰਿਭਾਸ਼ਾ ਕਰੋ ।

(ii) ਗੁਟਨਿਰਪੇਖਤਾ ਅਤੇ ਉਦਾਸੀਨਤਾ ਵਿਚ ਅੰਤਰ ਸਪਸ਼ਟ ਕਰੋ ।

(iii) ਗੁਟਨਿਰਪੇਖ ਦੇਸ਼ ਹੋਣ ਦੇ ਬਾਵਜੂਦ, ਕੁਝ ਦੇਸ਼ ਜੁੱਧ ਵਿਚ ਸ਼ਾਮਿਲ ਕਿਉਂ ਹੋਏ ? ਕੋਈ ਇਕ ਕਾਰਨ ਦਸੋ । *1+2+2=5*

**18.** ਹੇਠ ਦਿੱਤੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸਦੇ ਹੇਠ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿੱਖੋ :

ਭਾਰਤ ਦੀ ਸੁਰਖਿਆ ਰਣਨੀਤੀ ਦੇਸ਼ ਦੀਆਂ ਅੰਦਰੂਨੀ ਸੁਰਖਿਆ ਸਮਸਿਆਵਾਂ ਨਾਲ ਜੂਝਣ ਦੀ ਤਿਆਰੀ ਵਿਚ ਜੁਟੀ ਹੋਈ ਸੀ । ਅਨੇਕਾਂ ਵੱਖਵਾਦੀ ਗਰੁਪਾਂ ਨੇ ਸਮੇਂ–ਸਮੇਂ ਤੇ ਭਾਰਤ ਨਾਲੋਂ ਅੱਡ ਹੋਣ ਦੀ ਕੋਸ਼ਿਸ਼ ਕੀਤੀ । ਭਾਰਤ ਨੇ ਰਾਸ਼ਟਰੀ ਏਕਤਾ ਨੂੰ ਬਣਾਈ ਰਖਣ ਦੇ ਲਈ ਲੋਕਤੰਤਰੀ ਰਾਜਨੀਤਕ ਵਿਵਸਥਾ ਨੂੰ ਅਪਣਾਇਆ ਅਤੇ ਨਿਬਾਹਿਆ ।

(i) ਕਿਹੜੇ ਦੋ ਖੇਤਰਾਂ ਵਿਚ ਵੱਖਵਾਦੀਆਂ ਨੇ ਭਾਰਤ ਤੋਂ ਅੱਡ ਹੋਣ ਦੀ ਕੋਸ਼ਿਸ਼ ਕੀਤੀ ?

(ii) ਤੁਹਾਡੇ ਵਿਚਾਰ ਅਨੁਸਾਰ ਵੱਖਵਾਦੀ ਗਰੁੱਪਾਂ ਦੀ ਭਾਰਤ ਤੋਂ ਅੱਡ ਹੋਣ ਦੀ ਮੰਗ ਕਿਸ ਹਦ ਤਕ ਉਚਿਤ ਹੈ ? ਸਪਸ਼ਟ ਕਰੋ ।

(iii) ਲੋਕਤੰਤਰੀ ਰਾਜਨੀਤਕ ਵਿਵਸਥਾ ਕਿਹੜੇ ਦੋ ਤਰੀਕਿਆਂ ਨਾਲ ਭਾਰਤ ਦੀ ਅਨੇਕਤਾ ਵਿਚ ਏਕਤਾ ਨੂੰ ਬਣਾਈ ਰਖਣ ਦੀ ਸਹਾਇਤਾ ਕਰਦੀ ਹੈ ? *1+2+2=5*

**19.** ਹੇਠ ਦਿੱਤੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸਦੇ ਹੇਠ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿੱਖੋ :

ਅਜ਼ਾਦੀ ਅਤੇ ਵੰਡ ਤੋਂ ਪਿੱਛੋਂ ਹਾਲਾਤ ਬਦਲ ਗਏ । ਸਾਡੇ ਨੇਤਾਵਾਂ ਨੂੰ ਫਿਕਰ ਹੋਇਆ ਕਿ ਜੇਕਰ ਬੋਲੀ (ਭਾਸ਼ਾ) ਦੇ ਅਧਾਰ ਤੇ ਸੂਬੇ ਬਣਾਏ ਗਏ ਤਾਂ ਅਰਾਜਕਤਾ ਫੈਲ ਸਕਦੀ ਹੈ ਅਤੇ ਦੇਸ਼ ਦੇ ਟੁੱਟਣ ਦਾ ਖਤਰਾ ਪੈਦਾ ਹੋ ਸਕਦਾ ਹੈ । ਇਹ ਵੀ ਲੱਗਾ ਕਿ ਇਸ ਦੇਸ਼ ਦੇ ਸਾਮ੍ਹਣੇ ਆਣ ਵਾਲੀ ਹੋਰ ਸਮਾਜਿਕ ਆਰਥਿਕ ਚੁਣੌਤੀਆਂ ਤੋਂ ਧਿਆਨ ਹਟ ਸਕਦਾ ਹੈ । ਇਸ ਲਈ ਕੇਂਦਰੀ ਅਗਵਾਨੀ (ਲੀਡਰਸ਼ਿਪ) ਨੇ ਇਸ ਮਸਲੇ ਨੂੰ ਅਗੇ ਪਾਣ ਦਾ ਫੈਸਲਾ ਕੀਤਾ । .......

(i) ਅਜ਼ਾਦੀ ਅਤੇ ਵੰਡ ਦੇ ਕਾਰਨ ਭਾਰਤ ਵਿਚ ਹੋਏ ਕਿਸੇ ਇਕ ਮੁਖ ਬਦਲਾਵ ਤੇ ਚਾਨਣ ਪਾਓ ।

(ii) ਪੈਰੇ ਵਿਚ ਲਿਖੇ ਕਾਰਨਾਂ ਤੋਂ ਇਲਾਵਾ ਭਾਸ਼ਾ ਦੇ ਅਧਾਰ ਤੇ ਸੂਬੇ ਬਨਾਉਣ ਦੇ ਫੈਸਲੇ ਨੂੰ ਅੱਗੇ ਪਾਉਣ ਲਈ ਜੁਮੇਂਵਾਰ ਕਿਸੇ ਹੋਰ ਦੋ ਕਾਰਨਾਂ ਦਾ ਬਿਓਰਾ ਲਿੱਖੋ ।

(iii) ਇਸ ਮੁੱਦੇ ਨੂੰ ਅਗੇ ਪਾਉਣ ਨੂੰ ਕਿਥੇ ਤਕ ਸਥਾਨੀ ਲੋਕਾਂ ਨੇ ਚੁਣੌਤੀ ਦਿਤੀ ਅਤੇ ਕਿਉਂ ? ਕੋਈ ਇਕ ਉਦਾਹਰਣ ਦਿਓ । *2+2+1=5*

**ਜਾਂ**

ਹੇਠ ਦਿੱਤੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸਦੇ ਹੇਠ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿੱਖੋ :


ਦੇਸ਼ ਦੇ ਵਧੇਰੇ ਭਾਗਾਂ ਵਿਚ ਵੋਟਾਂ ਜਨਵਰੀ 1952 ਵਿਚ ਹੀ ਪਈਆਂ । ਚੁਨਾਵ ਲਈ ਜਦੋਜਹਿਦ, ਵੋਟਾਂ ਅਤੇ ਵੋਟਾਂ ਦੀ ਗਿਣਤੀ ਦੇ ਸਾਰੇ ਕੰਮ ਵਿਚ ਕੁਲ ਛੇ ਮਹੀਨੇ ਲਗ ਗਏ । ਚੋਣਾਂ ਸਮੇ ਉਮੀਦਵਾਰਾਂ ਵਿਚ ਟਾਕਰਾ ਵੀ ਹੋਇਆ — ਔਸਤਨ ਹਰ ਸੀਟ ਲਈ ਚਾਰ ਉਮੀਦਵਾਰ ਮੈਦਾਨ ਵਿਚ ਸਨ । ਲੋਕਾਂ ਨੇ ਇਸ ਚੁਨਾਵ ਵਿਚ ਵੱਧ ਚੜ੍ਹ ਕੇ ਹਿਸਾ ਲਿਆ — ਕੁਲ ਮਤਦਾਤਾਵਾਂ ਵਿਚੋਂ ਅਧਿਆਂ ਤੋਂ ਵਧੇਰੇ ਲੋਕਾਂ ਨੇ ਆਪਣਾ ਵੋਟ ਪਾਇਆ । ਚੁਨਾਵਾਂ ਦੇ ਨਤੀਜਿਆਂ ਦਾ ਐਲਾਨ ਹੋਣ ਤੇ ਹਾਰਨ ਵਾਲੇ ਉਮੀਦਵਾਰਾਂ ਨੇ ਵੀ ਨਤੀਜਿਆਂ ਨੂੰ ਨਿਰਪੱਖ ਦਸਿਆ । ਕੁਲ ਬਾਲਗ ਲੋਕਾਂ ਦੇ ਵੋਟ ਦੇ ਅਧਿਕਾਰ ਦੇ ਇਸ ਪ੍ਰਯੋਗ ਨੇ ਆਲੋਚਕਾਂ ਦਾ ਮੂੰਹ ਬੰਦ ਕਰ ਦਿੱਤਾ ।

(i) ਕੁਲ ਬਾਲਗ ਲੋਕਾਂ ਲਈ ਵੋਟ ਪਾਉਣ ਦਾ ਅਧਿਕਾਰ ਤੋਂ ਕੀ ਭਾਵ ਹੈ ?

(ii) 1952 ਦੇ ਚੁਨਾਵਾਂ ਵਿਚ ਲਗਭਗ ਛੇ ਮਹੀਨੇ ਲਗਣ ਦੇ ਕੋਈ ਦੋ ਕਾਰਨ ਲਿੱਖੋ ।

(iii) ਭਾਰਤ ਵਿਚ 1952 ਵਿਚ ਹੋਈਆਂ ਚੋਣਾਂ ਤੋਂ ਇਹ ਕਿਵੇਂ ਸਿਧ ਹੋ ਜਾਂਦਾ ਹੈ ਕਿ ਦੁਨੀਆਂ ਵਿਚ ਕਿਧਰੇ ਵੀ ਲੋਕਤੰਤਰ ਉਪਰ ਅਮਲ ਕੀਤਾ ਜਾ ਸਕਦਾ ਹੈ ? *1+2+2=5*

**20.** ਹੇਠ ਦਿੱਤੇ ਹੋਏ ਕਾਰਟੂਨ ਨੂੰ ਧਿਆਨ ਨਾਲ ਅਧਿਐਨ ਕਰੋ ਅਤੇ ਉਸਦੇ ਹੇਠ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿੱਖੋ :




(i) 'ਸਾਰਕ' (SAARC) ਦਾ ਵਿਸਤਾਰ ਰੂਪ ਲਿੱਖੋ ।

(ii) ਕਾਰਟੂਨ ਵਿਚ ਕੁਰਸੀਆਂ ਦੀ ਸਥਿਤੀ ਤੋਂ, ਭਾਰਤ ਅਤੇ ਪਾਕਿਸਤਾਨ ਦੇ ਸੰਬੰਧ ਵਿਚ ਕੀ ਸੰਦੇਸ਼ ਮਿਲਦਾ ਹੈ ?

(iii) ਸਦੱਸ ਦੇਸ਼ਾ ਦੇ ਦਰਮਿਆਨ ਸੰਬੰਧਾਂ ਨੂੰ ਸੁਧਾਰਨ ਦੇ ਲਈ ਸਾਰਕ ਦੀ ਸਫਲਤਾ ਦਾ ਮੁਲੰਕਣ ਕਰੋ । *1+2+2=5*

**ਨੋਟ:** *ਹੇਠ ਲਿਖਿਆ ਪ੍ਰਸ਼ਨ **ਕੇਵਲ ਦ੍ਰਿਸ਼ਟੀਹੀਨ ਪ੍ਰੀਖਿਆਰਥੀਆਂ** ਲਈ ਪ੍ਰਸ਼ਨ ਸੰਖਿਆ 20 ਦੇ ਸਥਾਨ ਤੇ ਹੈ :*

(20.1) 'ਸਾਰਕ' (SAARC) ਦਾ ਪੂਰਾ ਨਾਮ ਲਿੱਖੋ ।

(20.2) 1991 ਤੋਂ ਭਾਰਤ ਅਤੇ ਚੀਨ ਦੇ ਦਰਮਿਆਨ ਸੰਬੰਧਾਂ ਦਾ ਮੁਲੰਕਣ ਕਰੋ ।

(20.3) "ਭਾਰਤ ਦੇ ਵੱਡੇ ਆਕਾਰ ਅਤੇ ਤਾਕਤ ਦੇ ਕਾਰਨ ਇਸਦੇ ਗਵਾਂਢੀ ਦੇਸ਼ਾਂ ਨੂੰ ਇਸਦੀ ਨੀਯਤ ਉਪਰ ਸ਼ੱਕ ਕਰਨਾ ਲਾਜ਼ਮੀ ਹੈ ।" ਕੋਈ ਇਕ ਢੁਕਵੀਂ ਦਲੀਲ ਦੇ ਕੇ ਇਸ ਕਥਨ ਦੀ ਪੁਸ਼ਟੀ ਕਰੋ । *1+2+2=5*

**21.** **ਭਾਰਤ** ਦੇ ਦਿੱਤੇ ਗਏ ਰਾਜਨੀਤਕ ਰੇਖਾ ਮਾਨਚਿੱਤਰ (ਪੰਨਾ 9 ਤੇ) ਵਿਚ ਪੰਜ ਰਾਜਾਂ Ⓐ, Ⓑ, Ⓒ, Ⓓ ਅਤੇ Ⓔ ਨਾਲ ਦਰਸਾਇਆ ਗਿਆ ਹੈ । ਹੇਠ ਦਿੱਤੀ ਗਈ ਜਾਣਕਾਰੀ ਦੇ ਅਧਾਰ ਤੇ ਇਨ੍ਹਾਂ ਰਾਜਾਂ ਦੀ ਪਹਿਚਾਣ ਕਰੋ ਅਤੇ ਆਪਣੀ ਉੱਤਰ ਪੁਸਤਕ ਵਿਚ ਇਨ੍ਹਾਂ ਦੇ ਸਹੀ ਨਾਮ, ਵਰਤੋਂ ਵਿਚ ਲਿਆਂਦੀ ਗਈ ਜਾਣਕਾਰੀ ਦੀ ਕ੍ਰਮ ਸੰਖਿਆ ਅਤੇ ਸੰਬੰਧਤ ਅੱਖਰ, ਹੇਠ ਦਿੱਤੀ ਸਾਰਣੀ ਦੇ ਅਨੁਸਾਰ ਲਿੱਖੋ :

| ਵਰਤੋਂ ਵਿਚ ਲਿਆਂਦੀ ਗਈ ਜਾਣਕਾਰੀ ਦੀ ਕ੍ਰਮ ਸੰਖਿਆ | ਸੰਬੰਧਤ ਅੱਖਰ | ਰਾਜ ਦਾ ਨਾਮ |
|---|---|---|
| (i) | | |
| (ii) | | |
| (iii) | | |
| (iv) | | |
| (v) | | |

(i) ਉਹ ਰਾਜ ਜਿੱਥੇ ਦਲਿਤ ਪੈਂਥਰਜ਼ ਨਾਮਕ ਸੰਗਠਨ 1972 ਵਿਚ ਬਣਾਇਆ ਗਿਆ ।

(ii) ਉਹ ਰਾਜ ਜਿੱਥੇ ਸਰਦਾਰ ਸਰੋਵਰ ਬੰਨ੍ਹ (ਡੈਮ) ਸਥਿਤ ਹੈ ।

(iii) ਉਹ ਰਾਜ ਜਿੱਥੇ ਭਾਰਤੀ ਕਿਸਾਨ ਯੂਨਿਅਨ ਨੇ ਕਿਸਾਨਾਂ ਦਾ ਅੰਦੋਲਨ ਕੀਤਾ ਸੀ ।


(iv) ਉਹ ਰਾਜ ਜਿਸਨੂੰ ਧਾਰਾ 370 ਅਧੀਨ ਵਿਸ਼ੇਸ ਦਰਜਾ ਦਿੱਤਾ ਗਿਆ ਹੈ ।

(v) ਉਹ ਕੇਂਦਰ ਸ਼ਾਸਿਤ ਪ੍ਰਦੇਸ਼ ਜਿਹੜਾ 1987 ਵਿਚ ਇਕ ਰਾਜ ਬਣਿਆ ਸੀ । *1×5=5*

ਪ੍ਰਸ਼ਨ ਸੰ. 21 ਦੇ ਲਈ

## ਭਾਰਤ ਦਾ ਰੇਖਾ ਮਾਨਚਿੱਤਰ (ਰਾਜਨੀਤਕ)

## Outline Map of India (Political)



**ਨੋਟ:** *ਹੇਠ ਲਿਖਿਆ ਪ੍ਰਸ਼ਨ* ***ਕੇਵਲ ਦ੍ਰਿਸ਼ਟੀਹੀਨ ਪ੍ਰੀਖਿਆਰਥੀਆਂ*** *ਲਈ ਪ੍ਰਸ਼ਨ ਸੰਖਿਆ 21 ਦੇ ਸਥਾਨ ਤੇ ਹੈ :*

(21.1) ਸਰਦਾਰ ਸਰੋਵਰ ਬੰਨ੍ਹ (ਡੈਮ) ਕਿਸ ਰਾਜ ਵਿਚ ਸਥਿਤ ਹੈ ?

(21.2) ਉਸ ਰਾਜ ਦਾ ਨਾਮ ਲਿਖੋ ਜਿਸਨੂੰ 1961 ਵਿਚ ਪੁਰਤਗਾਲ ਦੀ ਅਧੀਨਤਾ ਤੋਂ ਮੁਕਤ ਕਰਾਇਆ ਗਿਆ ਸੀ ।

(21.3) ਮਿਜ਼ੋ ਨੇਸ਼ਨਲ ਫਰੰਟ ਦਾ ਸੰਸਥਾਪਕ ਅਤੇ ਨੇਤਾ ਕੌਣ ਸੀ ?

(21.4) ਕਿਸ ਰਾਜ ਨੂੰ ਧਾਰਾ 370 ਦੇ ਅਧੀਨ ਵਿਸ਼ੇਸ਼ ਦਰਜਾ ਦਿੱਤਾ ਗਿਆ ਹੈ ?

(21.5) ਕਿਹੜਾ ਰਾਜ ਤਾੜੀ ਵਿਰੋਧੀ ਅੰਦੋਲਨ ਦੇ ਲਈ ਜਾਣਿਆ ਜਾਂਦਾ ਹੈ ? *1×5=5*

## ਖੰਡ ੲ

**22.** ਮਹਾਸ਼ਕਤੀਆਂ ਰਾਹੀਂ ਛੋਟੇ ਦੇਸ਼ਾਂ ਦੇ ਨਾਲ ਸੰਬੰਧ ਬਣਾਈ ਜਾਣ ਦੇ ਲਈ ਭਰਮਾਉਣ ਵਾਲੇ ਕਿਸੇ ਚਾਰ ਕਾਰਨਾਂ ਦੀ ਸਮੀਖਿਆ ਕਰੋ । $1\frac{1}{2}\times4=6$

**ਜਾਂ**

ਸੋਵਿਯਤ ਸੰਘ ਦੇ ਟੁੱਟਣ ਦੇ ਲਈ ਜੁਮੇਂਵਾਰ ਕਿਸੇ ਚਾਰ ਕਾਰਨਾਂ ਦੀ ਸਮੀਖਿਆ ਕਰੋ । $1\frac{1}{2}\times4=6$

**23.** ਭਾਰਤ ਅਤੇ ਬੰਗਲਾ ਦੇਸ਼ ਦੇ ਦਰਮਿਆਨ ਆਪਸੀ ਮਿਲਵਰਤਣ ਅਤੇ ਅਸਹਿਮਤੀ ਦੇ ਕਿਸੇ ਦੋ–ਦੋ ਖੇਤ੍ਰਾਂ ਦਾ ਬਿਓਰਾ ਦਿਓ । $1\frac{1}{2}\times4=6$

**ਜਾਂ**

ਚੀਨ ਰਾਹੀਂ ਆਪਣੀ ਅਰਥਵਿਵਸਥਾ ਨੂੰ ਉਭਾਰਨ ਦੇ ਲਈ ਚੁੱਕੇ ਗਏ ਕਿਸੇ ਚਾਰ ਕਦਮਾਂ ਦਾ ਬਿਓਰਾ ਦਿਓ । $1\frac{1}{2}\times4=6$

**24.** ਕੜੇ ਮੁਕਾਬਲੇ ਅਤੇ ਬਹੁਤ ਸੰਘਰਸ਼ਾ ਦੇ ਪਿੱਛੋਂ, ਭਾਰਤ ਦੇ ਅਧਿਕਤਰ ਰਾਜਨੀਤਕ ਦਲਾਂ ਦੇ ਵਿਚ ਉਭਰਦੀ ਹੋਈ ਸਹਿਮਤੀ ਦੀ ਕਿਸੇ ਤਿੰਨ ਗੱਲਾਂ ਦਾ ਵਰਣਨ ਕਰੋ । *2×3=6*

**ਜਾਂ**

ਭਾਰਤ ਦੀ ਲੋਕਤਾਂਤ੍ਰਿਕ ਰਾਜਨੀਤੀ ਵਿਚ ਖੇਤ੍ਰੀ ਆਕਾਂਕਸ਼ਾਵਾਂ, ਸੱਤਾ ਦੀ ਸਾਝੇਦਾਰੀ ਅਤੇ ਖੇਤ੍ਰੀ ਸੰਤੁਲਨ ਦੇ ਮਹਤੱਵ ਦਾ ਵਰਣਨ ਕਰੋ । *3×2=6*

**25.** "ਭਾਰਤ ਦੇ ਪਹਿਲੇ ਤਿੰਨ ਆਮ ਚੁਨਾਵਾਂ ਵਿਚ, ਕਾਂਗਰੇਸ ਪਾਰਟੀ ਦੀ ਚੌਧਰ ਦਾ ਭਾਰਤੀ ਰਾਜਨੀਤੀ ਦੀ ਲੋਕਤੰਤਰੀ ਪ੍ਰਕਿਰਤੀ ਉਪਰ ਕੋਈ ਨਕਾਰਾਤਮਕ ਅਸਰ ਨਹੀਂ ਪਿਆ ।" ਇਸ ਕਥਨ ਦੇ ਪੱਖ ਵਿਚ ਕੋਈ ਤਿੰਨ ਦਲੀਲਾਂ ਦਿਓ । *2×3=6*

**ਜਾਂ**

"ਭਾਰਤ ਵਿਚ ਲਾਗੂ ਕੀਤੀ ਗਈ ਮਿਸ਼ਰਤ ਅਰਥਵਿਵਸਥਾ ਦੇ ਮਾਡਲ ਦੀ ਆਲੋਚਨਾ ਖੱਬੇ ਪੱਖੀ ਅਤੇ ਸੱਜੇ ਪੱਖੀ ਦੋਹਾਂ ਦੇ ਰਾਹੀਂ ਖੁਲ ਕੇ ਕੀਤੀ ਗਈ ।" ਇਸ ਕਥਨ ਦੇ ਪੱਖ ਵਿਚ ਕੋਈ ਤਿੰਨ ਦਲੀਲਾਂ ਦਿਓ । *2×3=6*

**26.** ਰਾਜਨੀਤੀ ਵਿਗਿਆਨ ਦੇ ਵਿਦਿਆਰਥੀ ਦੇ ਰੂਪ ਵਿਚ, ਤੁਸੀਂ 1975 ਵਿਚ ਲਗਾਏ ਗਏ ਅਪਾਤਕਾਲ ਤੋਂ ਕਿਹੜੇ ਤਿੰਨ ਸਬਕ ਸਿਖਦੇ ਹੋ ? *2×3=6*

**ਜਾਂ**

1969 ਵਿਚ ਕਾਂਗਰੇਸ ਪਾਰਟੀ ਨੂੰ ਵੰਡ ਤੋਂ ਬਚਾਣ ਵਿਚ ਮਦਦਗਾਰ ਹੋ ਸਕਣ ਵਾਲੇ ਕੋਈ ਤਿੰਨ ਉਪਾ ਸੁਝਾਓ । *2×3=6*

**27.** ਪੂਰੇ ਸੰਸਾਰ ਵਿਚ ਵਿਸ਼ਵੀਕਰਨ ਦੀ ਆਲੋਚਨਾ ਦਾ ਕਾਰਨ ਬਣਨ ਵਾਲੇ ਕਿਸੇ ਚਾਰ ਮੁਦਿਆਂ ਦੀ ਵਿਆਖਿਆ ਕਰੋ । $1\frac{1}{2}\times 4=6$

**ਜਾਂ**

ਵਾਤਾਵਰਨ ਸੰਬੰਧੀ ਕਿਸੇ ਚਾਰ ਚਿੰਤਾਵਾਂ ਦੀ ਵਿਆਖਿਆ ਕਰੋ ਜੋ ਕਿ ਅਜ ਦੀ ਸੰਸਾਰਕ ਰਾਜਨੀਤੀ ਦਾ ਮੁੱਦਾ ਬਣ ਚੁਕੀਆਂ ਹਨ । $1\frac{1}{2}\times 4=6$